# ਪ੍ਰਾਸਪੈਕਟਸ

# ਸਰਕਾਰੀ ਮਲਟੀਪਰਪਜ਼ ਹੈੱਲਥ ਵਰਕਰ (ਫੀਮੇਲ) ਸਿਖਲਾਈ ਸਕੂਲ 2016

## ਅਪਲਾਈ ਕਰਨ ਲਈ ਅੰਤਿਮ ਮਿਤੀ 23.09.2016

## ਕੌਂਸਲਿੰਗ ਮਿਤੀ 06.10.2016

ਕੌਂਸਲਿੰਗ ਸਥਾਨ: ਯੂਨੀਵਰਸਿਟੀ ਕਾਲਜ ਆਫ ਨਰਸਿੰਗ, ਫਰੀਦਕੋਟ

(ਪ੍ਰਾਸਪੈਕਟਸ ਦੀ ਫੀਸ)

ਰੁ.250/-(ਐਸ.ਸੀ./ਬੀ.ਸੀ. ਲਈ)

ਰੁ.500/-(ਜਨਰਲ ਕੈਟਾਗਰੀ ਲਈ)

**ਨੋਟ**

1. ਇਹ ਫੀਸ ਉਮੀਦਵਾਰ ਵਲੋ ਅਰਜੀ ਨਾਲ ਡਿਮਾਂਡ ਡਰਾਫਟ ਦੇ ਰੂਪ ਵਿੱਚ ਲਈ ਜਾਵੇਗੀ। ਡਿਮਾਂਡ ਡਰਾਫਟ **ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈੱਲਥ ਸਾਇੰਸਜ, ਫਰੀਦਕੋਟ** ਦੇ ਪੱਖ (ਫੇਵਰ) ਵਿੱਚ ਬਣਾਇਆ ਜਾਵੇ।
2. ਫੀਸ ਤੋ ਬਿਨ੍ਹਾਂ ਅਰਜੀ ਰੱਦ ਕਰ ਦਿੱਤੀ ਜਾਵੇਗੀ।

ਪੰਜਾਬ ਸਰਕਾਰ ਵੱਲੋ ਪੰਜਾਬ ਰਾਜ ਦੇ ਵਸਨੀਕਾਂ ਨੂੰ ਚੰਗੀ ਸਿਹਤ ਸੰਭਾਲ ਦੇਣ ਅਤੇ ਲੜਕੀਆਂ ਨੂੰ ਮਲਟੀਪਰਪਜ ਹੈਲਥ ਵਰਕਰ (ਫੀਮੇਲ) ਸਿਖਲਾਈ ਕੋਰਸ ਕਰਵਾਉਣ ਦੇ ਲਈ ਪੰਜਾਬ ਰਾਜ ਵਿੱਚ ਛੇ ਸਰਕਾਰੀ ਮਲਟੀਪਰਪਜ ਹੈਲਥ ਵਰਕਰ (ਫੀਮੇਲ) ਸਰਕਾਰੀ ਸਕੂਲ ਖੋਲੇ ਗਏ ਹਨ। ਹੇਠ ਲਿਖਿਆਂ ਇਹਨਾਂ ਸੰਸਥਾਂਵਾਂ ਵਿੱਚ 2 ਸਾਲ ਦਾ ਮਲਟੀਪਰਪਜ ਹੈਲਥ ਵਰਕਰ(ਫੀਮੇਲ) ਸਿਖਲਾਈ ਕੋਰਸ ਦਾ ਨਵਾਂ ਸ਼ੈਸਨ ਅਕਤੂਬਰ ਤੋ ਸ਼ੁਰੂ ਕੀਤਾ ਜਾ ਰਿਹਾ ਹੈ।

ਇਸ ਕੋਰਸ ਵਿੱਚ ਦਾਖਲੇ ਲਈ ਚਾਹਵਾਨ ਉਮੀਦਵਾਰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈੱਲਥ ਸਾਇੰਸਜ, ਫਰੀਦਕੋਟ ਦੀ ਵੈੱਬਸਾਈਟ ਤੋ ਫਾਰਮ ਡਾਊਨਲੋਡ ਕਰਕੇ ਨਿਰਧਾਰਿਤ ਮਿਤੀ ਤੱਕ **ਬਾਬਾ ਫਰੀਦ ਯੂਨੀਵਰਸਿਟੀ ਹੈੱਲਥ ਸਾਇੰਸਜ਼, ਫਰੀਦਕੋਟ ਵਿਖੇ ਜਮ੍ਹਾਂ ਕਰਵਾਉਣਗੇ।**

## ਸੰਸਥਾਵਾਂ ਨਾਲ ਸਬੰਧਤ ਜਿਲ੍ਹਿਆਂ ਦਾ ਵੇਰਵਾ ਅਤੇ ਸੀਟਾਂ ਦੀ ਗਿਣਤੀ

| ਲੜੀ ਨੰ | ਮਲਟੀਪਰਪਜ ਹੈਲਥ ਵਰਕਰ (ਫੀਮੇਲ) ਸਿਖਲਾਈ ਸਕੂਲ ਦਾ ਨਾਮ | ਕੁੱਲ ਸੀਟਾਂ | ਸਬੰਧਤ ਜਿਲ੍ਹਾ |
|---|---|---|---|
| 1 | ਪ੍ਰਿੰਸੀਪਲ ਟਿਊਟਰ, ਮਲਟੀਪਰਪਜ ਹੈਲਥ ਵਰਕਰ(ਫੀਮੇਲ) ਸਿਖਲਾਈ ਸਕੂਲ, ਸਿਵਲ ਹਸਪਤਾਲ, ਗੁਰਦਾਸਪੁਰ। | 40 | ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਪਠਾਨਕੋਟ |
| 2 | ਪ੍ਰਿੰਸੀਪਲ ਟਿਊਟਰ, ਮਲਟੀਪਰਪਜ ਹੈਲਥ ਵਰਕਰ(ਫੀਮੇਲ) ਸਿਖਲਾਈ ਸਕੂਲ, ਸਿਵਲ ਹਸਪਤਾਲ, ਹੁਸ਼ਿਆਰਪੁਰ। | 40 | ਹੁਸ਼ਿਆਰਪੁਰ, ਕਪੂਰਥਲਾ |
| 3 | ਪ੍ਰਿੰਸੀਪਲ ਟਿਊਟਰ, ਮਲਟੀਪਰਪਜ ਹੈਲਥ ਵਰਕਰ(ਫੀਮੇਲ) ਸਿਖਲਾਈ ਸਕੂਲ, ਬੀ.ਬੀ.ਐਮ.ਬੀ ਨੰਗਲ, ਜਿਲ੍ਹਾ ਰੂਪਨਗਰ। | 40 | ਰੂਪਨਗਰ, ਐਸ.ਏ.ਐਸ ਨਗਰ, ਜਲੰਧਰ, ਚੰਡੀਗੜ੍ਹ, ਸ਼ਹੀਦ ਭਗਤ ਸਿੰਘ ਨਗਰ |
| 4 | ਪ੍ਰਿੰਸੀਪਲ ਟਿਊਟਰ, ਮਲਟੀਪਰਪਜ ਹੈਲਥ ਵਰਕਰ(ਫੀਮੇਲ) ਸਿਖਲਾਈ ਸਕੂਲ, ਸਿਵਲ ਹਸਪਤਾਲ, ਸੰਗਰੂਰ। | 40 | ਪਟਿਆਲਾ, ਮਾਨਸਾ, ਸੰਗਰੂਰ, ਫਤਿਹਗੜ੍ਹ ਸਾਹਿਬ, ਬਰਨਾਲਾ |
| 5 | ਪ੍ਰਿੰਸੀਪਲ ਟਿਊਟਰ, ਮਲਟੀਪਰਪਜ ਹੈਲਥ ਵਰਕਰ(ਫੀਮੇਲ) ਸਿਖਲਾਈ ਸਕੂਲ, ਸਿਵਲ ਹਸਪਤਾਲ, ਬਠਿੰਡਾ। | 40 | ਬਠਿੰਡਾ, ਫਰੀਦਕੋਟ, ਮੁਕਤਸਰ, ਫਿਰੋਜਪੁਰ, ਫਾਜਿਲਕਾ |
| 6 | ਪ੍ਰਿੰਸੀਪਲ ਟਿਊਟਰ, ਮਲਟੀਪਰਪਜ ਹੈਲਥ ਵਰਕਰ(ਫੀਮੇਲ) ਸਿਖਲਾਈ ਸਕੂਲ, ਸਿਵਲ ਹਸਪਤਾਲ, ਬਠਿੰਡਾ। | 20 | ਮੋਗਾ, ਲੁਧਿਆਣਾ |

## ਯੋਗਤਾਵਾਂ:

1. ਉਮੀਦਵਾਰ ਨੇ ਕਿਸੇ ਮਾਨਤਾ ਪ੍ਰਾਪਤ ਬੋਰਡ/ਯੂਨੀਵਰਸਿਟੀ ਤੋ ਬਾਰ੍ਹਵੀ ਦੀ ਪ੍ਰੀਖਿਆ ਪਾਸ ਕੀਤੀ ਹੋਵੇ।

2. ਉਮੀਦਵਾਰ ਲਈ ਦਸਵੀਂ ਪੱਧਰ ਤੱਕ ਮਾਨਤਾ ਪ੍ਰਾਪਤ ਬੋਰਡ/ ਯੂਨੀਵਰਸਿਟੀ ਤੋ ਪੰਜਾਬੀ ਪਾਸ ਕੀਤੀ ਹੋਣੀ ਲਾਜ਼ਮੀ ਹੈ।

3. **ਮਿਤੀ 31.12.2016** ਤੱਕ ਉਮੀਦਵਾਰ ਦੀ ਉਮਰ 17 ਤੋ 30 ਸਾਲ ਦੇ ਵਿਚਾਲੇ ਹੋਣੀ ਚਾਹੀਦੀ ਹੈ।

4. ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੀ ਜਨਰਲ/ ਐਸ.ਸੀ./ ਬੀ.ਸੀ/ ਪੱਛੜੇ ਇਲਾਕਿਆਂ/ ਸਾਬਕਾ ਫੌਜੀ/ ਸਪੋਰਟਸਮੈਨ/ ਅੰਗਹੀਣ/ ਅਜ਼ਾਦੀ ਘੁਲਾਟੀਆਂ/ ਦੰਗਾਂ ਪੀੜਤ ਲਈ ਰਾਖਵੀਆਂ ਸੀਟਾਂ ਭਰੀਆਂ ਜਾਣਗੀਆਂ।

5. ਹਰ ਪੱਖੋ ਮੁਕੰਮਲ ਅਰਜੀਆਂ ਸਮੇਤ ਸਰਟੀਫਿਕੇਟ ਦੀਆਂ ਖੁੱਦ ਤਸਦੀਕਸੁਦਾ ਕਾਪੀਆਂ ਮਿਤੀ 23.09.2016 ਤੱਕ (ਸ਼ਾਮ 5 ਵਜੇ ਤੱਕ) ਜਾਂ ਇਸ ਤੋ ਪਹਿਲਾਂ ਰਜਿਸਟਰਡ ਪੋਸਟ/ਹੱਥ ਦਸਤੀ ਰਾਹੀ ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈੱਲਥ ਸਾਇੰਸਜ, ਸਾਦਿਕ ਰੋਡ, ਫਰੀਦਕੋਟ ਵਿਖੇ ਭੇਜੀਆਂ ਜਾਣ। ਮਿੱਥੀ ਮਿਤੀ ਤੋਂ ਬਾਅਦ, ਪ੍ਰਾਸਪੈਕਟਸ ਦੀ ਫੀਸ ਤੋਂ ਬਗੈਰ ਜਾਂ ਗਲਤ ਪਤੇ ਤੇ ਭੇਜੀਆਂ ਗਈਆਂ ਅਰਜੀਆਂ ਵਿਚਾਰੀਆਂ ਨਹੀ ਜਾਣਗੀਆਂ।

6. ਪੋਸਟਲ ਵਿਭਾਗ ਵੱਲੋਂ ਹੋਈ ਦੇਰੀ ਕਾਰਣ ਲੇਟ ਪ੍ਰਾਪਤ ਹੋਈਆਂ ਅਰਜੀਆਂ ਵਿਚਾਰੀਆਂ ਨਹੀ ਜਾਣਗੀਆਂ।

7. ਉਮੀਦਵਾਰਾਂ ਦੀ ਇੰਟਰਵਿਊ/ਕੌਸਲਿੰਗ ਪ੍ਰਿੰਸੀਪਲ, ਯੂਨੀਵਰਸਿਟੀ ਕਾਲਜ ਆਫ ਨਰਸਿੰਗ, ਫਰੀਦਕੋਟ ਵਿਖੇ ਮਿਤੀ 06.10.2016 ਨੂੰ ਹੋਵੇਗੀ। ਮਲਟੀਪਰਪਜ ਹੈਲਥ ਵਰਕਰ (ਫੀਮੇਲ) ਮੈਰਿਟ ਦੇ ਆਧਾਰ ਤੇ ਹੋਵੇਗੀ ਅਤੇ ਇੰਟਰਵਿਊ ਲਈ ਯੋਗ ਉਮੀਦਵਾਰਾਂ ਨੂੰ ਵੱਖਰੇ ਪੱਤਰ ਜਾਰੀ ਨਹੀ ਕੀਤੇ ਜਾਣਗੇ।

8. ਚੋਣ ਲਈ ਹਰ ਇੱਕ ਉਮੀਦਵਾਰ ਨੂੰ ਮੈਰਿਟ ਦੀ ਆਧਾਰ ਤੇ ਸਬੰਧਤ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ।

9. ਟ੍ਰੇਡ ਦਾਈ ਅਤੇ ਆਸ਼ਾ ਵਰਕਰ ਅਤੇ ਆਂਗਨਵਾੜੀ ਵਰਕਰਜ ਨੂੰ ਰਿਜਰਵੇਸ਼ਨ ਅਤੇ ਯੋਗਤਾ ਪੰਜਾਬ ਸਰਕਾਰ ਦੇ ਪੱਤਰ ਨੰ: 21/29/13-4H5/421458/1 ਮਿਤੀ 24.02.2015 ਅਨੁਸਾਰ ਵਿਚਾਰਿਆ ਜਾਵੇਗਾ।

# ਬਾਬਾ ਫਰੀਦ ਯੂਨੀਵਰਸਿਟੀ ਆਫ ਹੈੱਲਥ ਸਾਇੰਸਜ਼, ਫਰੀਦਕੋਟ

ਮਲਟੀਪਰਪਜ ਹੈਲਥ ਵਰਕਰ (ਫੀਮੇਲ) ਸਿਖਲਾਈ ਕੋਰਸ

## ਪ੍ਰੋਫਾਰਮਾ

ਫੋਟੋ

1) ਉਮੀਦਵਾਰ ਦਾ ਨਾਮ (ਵੱਡੇ ਅੱਖਰਾਂ ਵਿੱਚ) ..........................................................

2) ਪਿਤਾ ਦਾ ਨਾਮ (ਵੱਡੇ ਅੱਖਰਾਂ ਵਿੱਚ) ..........................................................

3) ਵਿਵਾਹਕ ਦਰਜਾ ..........................................................
**(ਕੁਆਰੀ/ ਵਿਆਹੁਤਾ/ ਵਿਧਵਾ/ ਕਾੱਨੀ ਤੌਰ ਤੇ ਤਲਾਕਸੁਦਾ)**

4) ਉਮੀਦਵਾਰ ਦੇ ਸਬੰਧਤ ਜਿਲ੍ਹੇ ਦਾ ਨਾਮ ..........................................................
**(ਜਿਹੜੇ ਜਿਲੇ ਦੇ ਸਿਖਲਾਈ ਸਕੂਲ ਵਿੱਚ ਦਾਖਲਾ ਲੈਣਾ ਹੈ)**

5) ਘਰ ਦਾ ਪੱਕਾ ਪਤਾ ..........................................................

..........................................................

6) ਟੈਲੀਫੋਨ ਨੰ:/ ਮੋਬਾਇਲ ਨੰ: ..........................................................

7) ਜਨਮ ਮਿਤੀ 31.12.2016 ਤੱਕ ਉਮਰ ਸਾਲ.............ਮਹੀਨੇ...........ਦਿਨ...............

8) ਬਾਰ੍ਹਵੀ ਸ੍ਰੇਣੀ ਵਿੱਚ ਪ੍ਰਾਪਤ ਕੀਤੇ ਅੰਕ ਪ੍ਰਾਪਤ ਅੰਕ.............. ਕੁੱਲ ਅੰਕ..............
ਪ੍ਰਤੀਸ਼ਤ.............

9) ਕੈਟਾਗਰੀ ਸਪੱਸ਼ਟ ਕਰੋ ..........................................................
**(ਯੋਗਤਾਵਾਂ ਦੇ ਕਾਲਮ ਨੰ: 4 ਦੇ ਅਨੁਸਾਰ)**

10) ਕੀ ਉਮੀਦਵਾਰ ਟ੍ਰੇਂਡ ਦਾਈ ਆਸ਼ਾ ਵਰਕਰ ਹੈ **(ਹਾਂ ਜਾਂ ਨਹੀ)**......................................

11) ਕੀ ਉਮੀਦਵਾਰ ਆਂਗਨਵਾੜੀ ਵਰਕਰ ਹੈ **(ਹਾਂ ਜਾਂ ਨਹੀ)** ........................................

ਮੈ ਤਸਦੀਕ ਕਰਦੀ ਹਾਂ ਕਿ ਮੇਰੇ ਵੱਲੋ ਦਿੱਤੀ ਗਈ ਉਪਰੋਕਤ ਜਾਣਕਾਰੀ ਬਿਲਕੁਲ ਸਹੀ ਹੈ। ਇਸ ਵਿੱਚ ਕੋਈ ਵੀ ਸੂਚਨਾਂ ਜਾਂ ਦਸਤਾਵੇਜ਼ ਗਲਤ ਨਹੀ ਹੈ।

ਮਿਤੀ ............... ਉਮੀਦਵਾਰ ਦੇ ਹਸਤਾਖਰ

ਨੱਥੀ ਕੀਤੇ ਦਸਤਾਵੇਜਾਂ ਦੀ ਸੂਚੀ :

**ਅਰਜ਼ੀ ਭੇਜਦੇ ਸਮੇਂ ਉਮੀਦਵਾਰ ਵੱਲੋ ਹੇਠ ਲਿਖੇ ਨੁਕਤਿਆਂ ਦਾ ਖਾਸ ਧਿਆਨ ਰੱਖਿਆ ਜਾਵੇ:**

1. ਉਮੀਦਵਾਰ ਵੱਲੋ ਅਰਜ਼ੀ ਫਾਰਮ ਨਾਲ ਲੋੜੀਦੇ ਸਾਰੇ ਸਰਟੀਫਿਕੇਟਾਂ ਦੀਆਂ ਤਸ਼ਦੀਕਸ਼ੁਦਾ ਕਾਪੀਆਂ ਜਰੂਰ ਨੱਥੀ ਕੀਤੀਆਂ ਜਾਣ।
2. ਉਮੀਦਵਾਰ ਦੀ ਤਾਜ਼ਾ ਖਿੱਚੀ ਗਈ ਤਸ਼ਦੀਕਸ਼ੁਦਾ ਫੋਟੋ ਅਰਜ਼ੀ ਫਾਰਮ ਤੇ ਚਿਪਕਾਈ ਜਾਵੇ।
3. ਜਨਮ ਮਿਤੀ ਦਰਸਾਉਂਦੇ ਦਸਵੀਂ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਦਾ ਸਰਟੀਫਿਕੇਟ ਅਤੇ ਬਾਰ੍ਹਵੀ ਦੇ ਡਿਟੇਲ ਮਾਰਕਸ ਸਰਟੀਫਿਕੇਟ ਦੀ ਖੁੱਦ ਤਸ਼ਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ।
4. ਪਿਛਲੀ ਸੰਸਥਾ ਵੱਲੋ ਦਿੱਤੇ ਗਏ ਚਰਿੱਤਰ ਸਰਟੀਫਿਕੇਟ ਦੀ ਖੁੱਦ ਤਸ਼ਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ।
5. ਐਸ.ਸੀ./ ਬੀ.ਸੀ./ ਪੱਛੜੀਆਂ ਸ਼੍ਰੇਣੀਆਂ/ ਪਿੱਛੜੇ ਇਲਾਕੇ/ ਬਾਰਡਰ ਏਰੀਆ ਦੇ ਸਰਟੀਫਿਕੇਟ ਦੀ ਤਸ਼ਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ।
6. ਸਾਬਕਾ ਫੌਜੀ/ ਡਿਸਚਾਰਜ ਸਰਟੀਫਿਕੇਟ ਦੀ ਤਸ਼ਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ।
7. ਅੰਗਹੀਣ ਕੈਟਾਗਰੀ ਦੇ ਉਮੀਦਵਾਰ ਵੱਲੋ ਸਿਵਲ ਸਰਜਨ ਵੱਲੋ ਜਾਰੀ ਕੀਤੇ ਸਰਟੀਫਿਕੇਟ ਦੀ ਤਸ਼ਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ।
8. ਸਪੋਰਟਸ ਕੈਟਾਗਰੀ ਦੇ ਲਈ ਡਾਇਰੈਕਟਰ ਸਪੋਰਟਸ, ਪੰਜਾਬ ਵੱਲੋਂ ਜਾਰੀ ਕੀਤੇ ਗਏ ਗਰੇਡੇਸ਼ਨ ਸਰਟੀਫਿਕੇਟ ਦੀ ਕਾਪੀ ਹੀ ਯੋਗ ਮੰਨੀ ਜਾਵੇਗੀ।
9. ਪੰਜਾਬ ਰਾਜ ਦੇ ਕਿਸੇ ਜਿਲੇ ਦੇ ਵਸਨੀਕ ਹੋਣ ਦਾ ਸਰਟੀਫਿਕੇਟ ਸਮਰੱਥ ਅਧਿਕਾਰੀਆਂ ਵੱਲੋਂ ਇੰਟਰਵਿਊ ਦੀ ਮਿਤੀ ਵਾਲੇ ਦਿਨ ਤੋਂ ਪਿਛਲੇ ਤਿੰਨ ਸਾਲ ਦੇ ਅੰਦਰ੍ ਅੰਦਰ ਜਾਰੀ ਕੀਤਾ

ਗਿਆ ਹੋਵੇ ਅਤੇ ਪੰਜਾਬ ਰਾਜ ਦੇ ਮੁਲਾਜ਼ਮ ਵੱਲੋਂ ਦਿੱਤਾ ਗਿਆ ਡੋਮੀਸਾਇਲ ਸਰਟੀਫਿਕੇਟ ਤਾਜ਼ਾ ਜਾਰੀ ਕੀਤਾ ਗਿਆ ਹੋਵੇ, ਯੋਗ ਮੰਨਿਆ ਜਾਵੇਗਾ।

10.ਅਜ਼ਾਦੀ ਘੁਲਾਟੀਆਂ ਦੇ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ, ਜੋ ਕਿ ਸਬੰਧਤ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤੀ ਗਈ ਹੋਵੇ, ਨੱਥੀ ਕੀਤੀ ਜਾਵੇ।

11.1984 ਦੇ ਦੰਗਾ ਪੀੜਤ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ, ਜੋ ਕਿ ਸਬੰਧਤ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤੀ ਗਈ ਹੋਵੇ, ਨੱਥੀ ਕੀਤੀ ਜਾਵੇ।

12.ਹਰੇਕ ਉਮੀਦਵਾਰ ਵੱਲੋਂ ਅਰਜੀ ਫਾਰਮ ਵਿੱਚ ਕੈਟਾਗਰੀ ਦਾ ਕਾਲਮ ਜਰੂਰ ਭਰਿਆ ਜਾਵੇ। ਉਮੀਦਵਾਰ ਇੱਕ ਤੋ ਵੱਧ ਕੈਟਾਗਰੀ ਲਈ ਵੀ ਅਪਲਾਈ ਕਰ ਸਕਦਾ ਹੈ।

13.ਜੇਕਰ ਕਿਸੇ ਉਮੀਦਵਾਰ ਵੱਲੋਂ ਕੈਟਾਗਰੀ ਦਾ ਕਾਲਮ ਖਾਲੀ ਛੱਡਿਆ ਜਾਵੇਗਾ ਤਾਂ ਉਸ ਦਾ ਨਾਮ ਜਨਰਲ ਕੈਟਾਗਰੀ ਲਈ ਹੀ ਵਿਚਾਰਿਆ ਜਾਵੇਗਾ।

14.ਜੇਕਰ ਕਿਸੇ ਸੰਸਥਾ ਵਿਖੇ ਸਪੋਰਟਸ/ ਫਰੀਡਮ ਫਾਈਟਰ/ ਦੰਗਾ ਪੀੜਤ ਆਦਿ ਦੀ ਸੀਟ ਘੱਟੋ ਘੱਟ ਫਿਕਸ ਹੋਣ ਕਾਰਣ ਇਸ ਵਾਰ ਨਹੀ ਭਰਣੀ ਬਣਦੀ ਤਾਂ ਇਸ ਕੈਟਾਗਰੀ ਦੇ ਉਮੀਦਵਾਰ ਨੂੰ ਉਸਦੀ ਦੂਸਰੀ ਸਬੰਧਤ ਸ਼੍ਰੇਣੀ ਲਈ ਵਿਚਾਰਿਆ ਜਾਵੇਗਾ।

15.ਦਾਖਲ ਹੋਈਆਂ ਵਿਦਿਆਰਥਣਾਂ ਲਈ ਸਿਵਲ ਸਰਜਨ ਦੁਆਰਾ ਜਾਰੀ ਕੀਤਾ ਮੈਡੀਕਲ ਫਿਟਨੈਸ ਸਰਟੀਫਿਕੇਟ ਪੇਸ਼ ਕਰਨਾ ਜਰੂਰੀ ਹੋਵੇਗਾ।

## ਵਿਦਿਆਰਥਣਾਂ ਤੋ ਲੈਣ ਯੋਗ ਫੀਸਾਂ ਦਾ ਵੇਰਵਾ:

| ਲੜੀ ਨੰ: | ਫੀਸਾਂ ਦਾ ਵੇਰਵਾ | ਫੀਸ | ਵਿਸ਼ੇਸ਼ ਕਥਨ |
|---|---|---|---|
| 1 | ਪ੍ਰਾਸਪੈਕਟਸ ਫੀਸ/ਫਾਰਮ ਫੀਸ | i) ਜਨਰਲ ਕੈਟਾਗਰੀ-500/- (ਪੰਜ ਸੋ ਰੁਪਏ)<br>ii) ਐਸ.ਸੀ./ਬੀ.ਸੀ. ਤੋਂ 250/- (ਦੋ ਸੌ ਪੰਜਾਹ ਰੁਪਏ) | i) ਇਹ ਫੀਸ ਦਾਖਲਾ ਫਾਰਮ ਜਮ੍ਹਾਂ ਕਰਵਾਉਣ ਸਮੇਂ ਡਿਮਾਂਡ ਡਰਾਫਟ ਜੋ ਕਿ ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈੱਲਥ ਸਾਇੰਸਜ਼, ਫਰੀਦਕੋਟ ਦੀ ਫੇਵਰ ਵਿੱਚ ਹੋਵੇ ,ਜਮ੍ਹਾਂ ਕਰਵਾਉਣੀ ਲਾਜਮੀ ਹੈ।<br>ii) ਇਸ ਫੀਸ ਤੋਂ ਬਿਨਾਂ ਅਰਜੀ ਮੰਨਜ਼ੂਰ ਨਹੀ ਕੀਤੀ ਜਾਵੇਗੀ। |

| | | | |
|---|---|---|---|
| 2 | ਸਲਾਨਾ ਫੀਸ | i) ਜਨਰਲ ਕੈਟਾਗਰੀ-5000/- ਰੁਪਏ (ਪੰਜ ਹਜ਼ਾਰ ਰੁਪਏ)<br>ii) ਐਸ.ਸੀ./ਬੀ.ਸੀ.ਤੋਂ 2000/-(ਦੋ ਹਜ਼ਾਰ ਰੁਪਏ) | ਇਹ ਫੀਸ ਹਰ ਸਾਲ ਸੈਸਨ ਸੁਰੂ ਹੋਣ ਸਮੇਂ ਪ੍ਰਿੰਸੀਪਲ,ਸਰਕਾਰੀ ਮਲਟੀਪਰਪਜ ਹੈਲਥ ਵਰਕਰ (ਫੀਮੇਲ) ਸਿਖਲਾਈ ਸਕੂਲ ਦੇ ਨਾਮ ਡਿਮਾਂਡ ਡਰਾਫਟ ਦੇ ਰੂਪ ਵਿੱਚ ਲਈ ਜਾਵੇਗੀ। |
| 3 | ਹੋਸਟਲ ਫੀਸ ਪ੍ਰਤੀ ਮਹੀਨਾ/ਪ੍ਰਤੀ ਵਿੱਦਿਆਰਥੀ (ਸਿਰਫ ਰਿਹਾਇਸ਼) | 400/- ਰੁਪਏ(ਚਾਰ ਸੌ ਰੁਪਏ) | - |